ਪੰਜਾਬੀ
ਬਾਲ
ਸਹਿਤ

# ਕਿਰਨਾਂ ਦੇ ਫੁੱਲ



**ਮਨਮੋਹਨ ਸਿੰਘ ਦਾਊਂ**

# ਕਿਰਨਾਂ ਦੇ ਫੁੱਲ

(ਬਾਲ-ਕਵਿਤਾਵਾਂ)

## ਮਨਮੋਹਨ ਸਿੰਘ ਦਾਊਂ ਦਾ ਬਾਲ-ਸਾਹਿਤ

1. ਕਿਰਲੀ ਤੇ ਤਿਤਲੀ (ਬਾਲ ਕਹਾਣੀਆਂ)- ਇਨਾਮ ਜੇਤੂ
2. ਬੋਲਾਂ ਦੇ ਖੰਭ (ਬਾਲ ਕਹਾਣੀਆਂ)
3. ਤਿੰਨ ਸੁਪਨੇ (ਬਾਲ ਕਹਾਣੀਆਂ)
4. ਪੰਛੀਆਂ ਦੇ ਗੀਤ (ਬਾਲ-ਕਵਿਤਾਵਾਂ)
5. ਫਲਾਂ ਦੀ ਟੋਕਰੀ (ਨਰਸਰੀ-ਗੀਤ)
6. ਚਾਨਣ ਦੀ ਟਹਿਣੀ (ਬਾਲ-ਗੀਤ)- ਇਨਾਮ ਜੇਤੂ
7. ਧਰਤੀ ਦੇ ਰੰਗ (ਕਾਵਿ-ਰਚਨਾ)
8. ਫੁੱਲਾਂ ਵਾਲਾ ਘਰ (ਬਾਲ ਕਵਿਤਾਵਾਂ)- ਇਨਾਮ ਜੇਤੂ
9. ਮੇਰੀ ਦੀਵਾ (ਬਾਲ-ਗੀਤ)- ਇਨਾਮ ਜੇਤੂ
10. ਰੁੱਖਾਂ ਦਾ ਖ਼ਜ਼ਾਨਾ (ਕਾਵਿ-ਰਚਨਾ)
11. ਅਜ਼ਾਦੀ ਦੀ ਵਾਰ (ਕਾਵਿ-ਰਚਨਾ)
12. ਪੀਂਘ ਹੁਲਾਰੇ (ਨਰਸਰੀ-ਗੀਤ)
13. ਸੋਨ ਸਵੇਰਾ (ਬਾਲ ਕਵਿਤਾਵਾਂ)
14. ਫੁੱਲਾਂ ਦਾ ਪੰਘੂੜਾ (ਬਾਲ ਕਵਿਤਾਵਾਂ)
15. ਗਾਥਾ ਗੜ੍ਹੀ ਚਮਕੌਰ (ਕਾਵਿ-ਰਚਨਾ)
16. ਗੀਤਾਂ ਦੇ ਘੁੰਗਰੂ (ਬਾਲ-ਕਵਿਤਾਵਾਂ)
17. ਸੁਪਨਿਆਂ ਵਾਲਾ ਬਚਪਨ (ਬਾਲ- ਕਵਿਤਾਵਾਂ)
18. ਵਿੱਦਿਆ ਦਾ ਗਹਿਣਾ (ਬਾਲ-ਕਵਿਤਾਵਾਂ)
19. ਸਬਰ ਦਾ ਫ਼ਲ ਮਿੱਠਾ (ਕਹਾਣੀ)
20. ਸਭਿਆਚਾਰਕ ਮੁਹਾਂਦਰੇ (ਲੇਖ-ਸੰਗ੍ਰਹਿ)- ਇਨਾਮ ਜੇਤੂ
21. ਸ਼ੁੱਧ ਹਵਾ ਦੀ ਲੋੜ
22. ਚਾਚਾ ਨਹਿਰੂ (ਜੀਵਨੀ)
23. ਅਹਿੰਸਾ ਦਾ ਪੁਜਾਰੀ (ਜੀਵਨੀ)
24. ਬਾਲ-ਝਰੋਖਾ (ਜੀਵਨ-ਯਾਦਾਂ)- ਇਨਾਮ ਜੇਤੂ
25. ਲੋਕ ਰਾਂਗਲਾ- ਪਿੱਪਲ (ਕਾਵਿ ਰਚਨਾ)
26. ਰੁੱਖਾਂ ਦੇ ਮੈਂ ਗਾਵਾਂ ਗੀਤ
27. ਨਵੀਆਂ ਸਭਿਆਚਾਰਕ ਬੋਲੀਆਂ
28. ਚਾਨਣ ਦਾ ਥਾਲ (ਬਾਲ ਕਵਿਤਾਵਾਂ)
29. ਰੁੱਖਾਂ ਨਾਲ ਦੋਸਤੀ
30. ਜ਼ਿੰਦਗੀ ਦਾ ਸੱਚ (ਵਾਰਤਕ-ਲੇਖ)
31. ਕਿਰਨਾਂ ਦੇ ਫੁੱਲ (ਬਾਲ-ਕਵਿਤਾਵਾਂ)

# ਕਿਰਨਾਂ ਦੇ ਫੁੱਲ

(ਬਾਲ-ਕਵਿਤਾਵਾਂ)

ਮਨਮੋਹਨ ਸਿੰਘ ਦਾਊਂ

ਸਾਇੰਸ ਅਤੇ ਜਨਰਲ ਪਬਲਿਸ਼ਰਜ਼
ਐਸ.ਸੀ.ਓ. 26-27, ਚੌਥੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ-160022

**Kirnan De Full**

***(Punjabi Poems for Children)***

***by***

**Manmohan Singh Daon**
# 280 Phase 6- Mohali (Punjab)- 160055
M. 9815123900

**Painting by :** Sh. Gurdeep Singh Deep

ISBN : 978-93-82245-61-2
Price : Rs. 50/-

2013
Science and General Publishers
S.C.O. 26-27, Sector 34 A, Chandigarh-160022
Ph.0172-5077427, 5077428, 5089761

Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

*© 2013*

*Produced and bound in India*


*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


| | | |
|---|---|---|
| 1. | ਸਾਲ ਮੁਬਾਰਕ | 7 |
| 2. | ਮਾਂ-ਬੋਲੀ ਨੂੰ ਸਿਜਦਾ | 8 |
| 3. | ਇਸ ਤੋਂ ਚੰਗਾ ਹੋਰ ਕੀ | 10 |
| 4. | ਸੱਭੇ ਰੰਗ ਪਿਆਰੇ | 12 |
| 5. | ਸਾਵੇ-ਸਾਵੇ ਪੱਤੇ | 13 |
| 6. | ਕਿਸ਼ਤੀ | 14 |
| 7. | ਫੁੱਲਾਂ ਨਾਲ ਆੜੀ | 15 |
| 8. | ਜਦੋਂ ਮੈਂ ਤੱਕਾਂ | 16 |
| 9. | ਹਾਹੇ ਤੋਂ ਹਸਣਾ ਸਿੱਖ | 17 |
| 10. | ਦੱਦੇ ਅੱਖਰ ਦੀ ਮਹਿਮਾ | 18 |
| 11. | ਵੰਡ-ਵੰਡਾਈ | 19 |
| 12. | ਪੰਛੀਆਂ ਤੋਂ ਜਾਈਏ ਬਲਿਹਾਰ | 21 |
| 13. | ਬੱਦਲੀਆਂ ਦਾ ਗੀਤ | 22 |
| 14. | ਬੱਚੇ ਮਨ ਨੂੰ ਮੋਂਹਦੇ | 23 |
| 15. | ਪੱਤੇ ਪਰਉਪਕਾਰੀ | 24 |
| 16. | ਏਦਾਂ ਕਿਉਂ ਹੁੰਦਾ ? | 25 |
| 17. | ਬਚਪਨ | 26 |
| 18. | ਘਰ ਦੀ ਸ਼ਾਨ | 27 |
| 19. | ਧੁੱਪ | 28 |
| 20. | ਕਿੰਨੀ ਮਿੱਠੀ ਮਾਂ-ਬੋਲੀ | 29 |
| 21. | ਆਓ, ਕੁਝ ਤਾਂ ਚੰਗਾ ਕਰੀਏ | 30 |
| 22. | ਅੱਖਰ | 31 |
| 23. | ਕਾਗਜ਼ | 32 |
| 24. | ਪੁਸਤਕਾਂ | 33 |
| 25. | ਤਿੱਤਲੀਏ ਨੀ ਤਿੱਤਲੀਏ | 34 |
| 26. | ਚਿੜੀਏ ਨੀ ਚਿੜੀਏ | 36 |

# ਨਵਾਂ ਸਾਲ ਮੁਬਾਰਕ



ਪੂਰਬ ਵੱਲੋਂ ਸੂਰਜ ਚੜ੍ਹਿਆ,
ਸੋਨ-ਸਵੇਰਾ ਬੂਹੇ ਖੜ੍ਹਿਆ।

ਖਿੜ ਗਈਆਂ ਨੇ ਕਲੀਆਂ ਸੁੱਤੀਆਂ,
ਨੇਰ੍ਹੇ ਵਾਲੀਆਂ ਰਾਤਾਂ ਮੁੱਕੀਆਂ।

ਝੂਮ ਪਏ ਸਭ ਰੁੱਖ ਤੇ ਬੂਟੇ,
ਫੁੱਲ ਟਹਿਣੀ 'ਤੇ ਲੈਂਦੇ ਝੂਟੇ।

ਲਗਨ ਮਿਹਨਤ ਦਾ ਪੱਲਾ ਫੜੀਏ,
ਸਿੱਖਿਆ ਦੀ ਪੌੜੀ 'ਤੇ ਚੜ੍ਹੀਏ।

ਨਵੇਂ-ਨਵੇਂ ਕੁਝ ਸੁਪਨੇ ਲਈਏ,
ਸਭ ਨੂੰ ਸਾਲ ਮੁਬਾਰਕ ਕਹੀਏ।

ਧੁੱਪਾਂ ਦੇ ਨਾਲ ਵਿਹੜਾ ਭਰਿਆ,
ਖ਼ੁਸ਼ੀਆਂ ਖੇੜੇ ਵੰਡੀਂ ਵਰ੍ਹਿਆ!

****

# ਮਾਂ-ਬੋਲੀ ਨੂੰ ਸਿਜਦਾ

ਹੇ, ਮਾਂ-ਬੋਲੀ ਮੇਰੀਏ
ਮੈਂ ਤੈਨੂੰ ਸਿਜਦਾ ਕਰਦਾ ਹਾਂ
ਤੇਰਾ ਅੱਖਰ-ਅੱਖਰ ਚੁੰਮ ਕੇ
ਆਪਣੀ ਝੋਲੀ ਭਰਦਾ ਹਾਂ।

ਮੈਨੂੰ ਤੂੰ ਮਾਂ ਵਾਂਗ ਅਤਿ ਪਿਆਰੀ ਹੈਂ,
ਜੀਵਨ ਦੀਆਂ ਸਭ ਵਸਤਾਂ ਤੋਂ ਨਿਆਰੀ ਹੈਂ।

ਤੇਰੇ ਅੱਖਰ ਫੁੱਲਾਂ ਵਾਂਗੂ ਬਹੁ-ਰੰਗੇ ਨੇ,
ਲਗਾਂ-ਮਾਤਰਾਂ ਨਾਲ ਸ਼ੋਭਦੇ ਚੰਗੇ ਨੇ।



ਤੇਰੀਆਂ ਧੁਨੀਆਂ ਅਨਹਦ ਰਾਗ ਅਲਾਪਦੀਆਂ,
ਗੀਤ-ਸੰਗੀਤ ਦੀਆਂ ਨਦੀਆਂ ਮੈਨੂੰ ਜਾਪਦੀਆਂ।

ਤੇਰੀ ਸ਼ਕਤੀ ਅੰਦਰ ਮੇਰੀ ਜੀਵਨ ਕਾਇਆ ਹੈ,
ਮਾਂ-ਬੋਲੀ ਦੇ ਸਦਕੇ, ਸਾਰੀ ਮਾਇਆ ਹੈ।

ਮੇਰੇ ਲਹੂ 'ਚ ਤੇਰੇ ਸ਼ਬਦ ਨੇ ਬੋਲ ਰਹੇ,
ਤੇਰੀ ਉਪਮਾ ਦੇ ਵਰਕਿਆਂ ਨੂੰ ਫੋਲ ਰਹੇ।

ਮਾਂ-ਬੋਲੀ ਦੀ ਜੜ੍ਹ ਤਾਂ ਸਭਿਆਚਾਰ ਹੁੰਦੀ,
ਮਾਂ-ਬੋਲੀ ਵਿੱਚ ਦਿਲ ਦੀ ਗੱਲ ਨਿਖਾਰ ਹੁੰਦੀ।

ਹੇ, ਮਾਂ-ਬੋਲੀ ਮੈਨੂੰ ਤੂੰ ਵਰਦਾਨ ਦਈਂ,
ਰਿਣ ਤਾਰਨ ਦੇ ਖਾਤਰ ਸੂਝ ਤੇ ਤਾਨ ਦਈਂ!!

*****

# ਇਸ ਤੋਂ ਚੰਗਾ ਹੋਰ ਕੀ?



ਹੱਥਾਂ ਵਿੱਚ ਕਿਤਾਬ ਹੋਵੇ,
ਪੜ੍ਹਨ ਲਈ ਬੇਤਾਬ ਹੋਵੇ,
ਖਿੜਿਆ ਫੁੱਲ ਗ਼ੁਲਾਬ ਹੋਵੇ,
ਹੱਥੀਂ ਫੜੀ ਰਬਾਬ ਹੋਵੇ,
ਇਸ ਤੋਂ ਚੰਗਾ ਹੋਰ ਕੀ ਹੋਣਾ।

ਘਰ 'ਚ ਬੈਠੀ ਮਾਂ ਹੋਵੇ,
ਸਾਫ਼ ਤੇ ਸੁਥਰੀ ਥਾਂ ਹੋਵੇ,
ਵਿਹੜੇ ਦੇ ਵਿੱਚ ਛਾਂ ਹੋਵੇ,
ਪੌਣ ਰੁਮਕਦੀ ਸ਼ਾਂ-ਸ਼ਾਂ ਹੋਵੇ,
ਇਸ ਤੋਂ ਚੰਗਾ ਹੋਰ ਕੀ ਹੋਣਾ।

ਬੱਚਿਆਂ ਲਈ ਪਿਆਰ ਹੋਵੇ,
ਵੱਡਿਆਂ ਦਾ ਸਤਿਕਾਰ ਹੋਵੇ,
ਇਨਸਾਫ਼ ਲਈ ਦਰਬਾਰ ਹੋਵੇ,
ਲੋਕ-ਹਿੱਤ ਸਰਕਾਰ ਹੋਵੇ,
ਇਸ ਤੋਂ ਚੰਗਾ ਹੋਰ ਕੀ ਹੋਣਾ।

ਨਿਰਮਲ ਵਰਗਾ ਪਾਣੀ ਹੋਵੇ,
ਗੱਲ ਕਰਨ ਨੂੰ ਹਾਣੀ ਹੋਵੇ,
ਨਾ ਵੰਡ-ਵੰਡਾਈ ਕਾਣੀ ਹੋਵੇ
ਭਲਾ ਕਰਨ ਦੀ ਠਾਣੀ ਹੋਵੇ।
ਇਸ ਤੋਂ ਚੰਗਾ ਹੋਰ ਕੀ ਹੋਣਾ।

ਗੁਰੂ ਦੇ ਪੱਲੇ ਗਿਆਨ ਹੋਵੇ,
ਸਿੱਖਣ ਲਈ ਧਿਆਨ ਹੋਵੇ,
ਤਲਵਾਰ ਲਈ ਮਿਆਨ ਹੋਵੇ,
ਬਾਹਾਂ ਦੇ ਵਿੱਚ ਤਾਣ ਹੋਵੇ,
ਇਸ ਤੋਂ ਚੰਗਾ ਹੋਰ ਕੀ ਹੋਣਾ।

ਘਰ ਦਾ ਖੁੱਲ੍ਹਾ ਦਰ ਹੋਵੇ,
ਜਿੰਦਰੇ ਨੂੰ ਨਾ ਜਰ ਹੋਵੇ,
ਮਨ ਦੇ ਵਿੱਚ ਨਾ ਡਰ ਹੋਵੇ,
ਚਾਨਣ ਵੰਡਦਾ ਘਰ ਹੋਵੇ,
ਇਸ ਤੋਂ ਚੰਗਾ ਹੋਰ ਕੀ ਹੋਣਾ!

*****

# ਸੱਭੇ ਰੰਗ ਪਿਆਰੇ



ਚਿੱਟਾ ਰੰਗ ਹੈ ਦਿਵਸ ਦਾ,
ਮੈਨੂੰ ਪਿਆਰਾ ਲੱਗਦਾ।

ਲਾਲ ਰੰਗ ਗੁਲਾਬ ਦਾ,
ਮੇਰੇ ਲਹੂ ਹੈ ਵਰਗਾ।

ਨੀਲਾ ਰੰਗ ਹੈ ਅੰਬਰੀਂ,
ਉੱਡਣ ਦੀ ਲੋਚਾ ਭਰਦਾ।

ਹਰਾ ਰੰਗ ਹਰਿਆਲੀ ਦਾ,
ਖ਼ੁਸ਼ਹਾਲੀ ਹੈ ਵੰਡਦਾ।

ਪੀਲਾ ਰੰਗ ਹੈ ਕੇਸਰੀ,
ਬਹਾਰ ਲਿਆਉਂਦਾ।

ਕਾਲਾ ਰੰਗ ਹੈ ਰਾਤ ਦਾ,
ਮੈਨੂੰ ਨੀਂਦ ਕਰਾਉਂਦਾ।

ਸੱਭੇ ਰੰਗ ਪਿਆਰੜੇ,
ਮਿਲ ਚਿੱਟਾ ਬਣ ਜਾਂਦਾ।

*****

# ਸਾਵੇ ਸਾਵੇ ਪੱਤੇ



ਵੱਖੋ-ਵੱਖਰੀ ਸ਼ਕਲ ਦੇ,
ਸਾਵੇ-ਸਾਵੇ ਪੱਤੇ ਨੇ।
ਟਹਿਣੀ ਦੇ ਨਾਲ ਦੋਸਤੀ
ਖ਼ੂਬ ਨਿਭਾਉਂਦੇ ਪੱਤੇ ਨੇ।


ਨਿੱਕੇ-ਨਿੱਕੇ, ਵੱਡੇ-ਵੱਡੇ,
ਕਿੰਨੇ ਸੁਹਣੇ ਪੱਤੇ ਨੇ।
ਹੋਰਾਂ ਨੂੰ ਛਾਂ ਦੇਂਵਦੇ,
ਧੁੱਪਾਂ ਸਹਿੰਦੇ ਪੱਤੇ ਨੇ।

ਝੱਖੜ, ਪਾਲਾ ਸਹਿ ਕੇ ਵੀ,
ਹੱਸਦੇ ਰਹਿੰਦੇ ਪੱਤੇ ਨੇ।
ਰੁੱਖ, ਬੂਟੇ ਦੀ ਜਿੰਦ ਨੇ,
ਸਾਥ ਨਿਭਾਉਂਦੇ ਪੱਤੇ ਨੇ।

ਪੌਣਾਂ ਨੂੰ ਸ਼ੁੱਧ ਕਰ ਰਹੇ,
ਪਰ-ਉਪਕਾਰੀ ਪੱਤੇ ਨੇ।
ਵੱਖੋ-ਵੱਖਰੀ ਸ਼ਕਲ ਦੇ,
ਸਾਵੇ-ਸਾਵੇ ਪੱਤੇ ਨੇ।

******

# ਕਿਸ਼ਤੀ



ਪਾਣੀ- ਉੱਤੇ ਕਿਸ਼ਤੀ ਦਾ ਤਰਨਾ
ਕਿੰਨਾ ਪਿਆਰਾ ਪਿਆਰਾ ਲਗਦਾ,
ਚੁੱਪ-ਚੁਪੀਤੇ ਕਿਸ਼ਤੀ ਤਰਦੀ
ਕਲ-ਕਲ ਥੱਲੇ ਪਾਣੀ ਵਗਦਾ।

ਲਹਿਰਾਂ ਕਰਨ ਕਲੋਲਾਂ ਥੱਲੇ
ਕਿਸ਼ਤੀ ਠੁਮਕੇ ਪਿੰਡੇ ਜਰਦੀ,
ਚੱਪੂ ਆਪਣੇ ਗਲੇ ਲਗਾ ਕੇ
ਲਹਿਰਾਂ ਚੀਰ ਕੇ ਜਾਵੇ ਤਰਦੀ।

ਕਿਸ਼ਤੀ ਦੇ ਵਿੱਚ ਜੋ ਵੀ ਬੈਠੇ
ਸਭ ਨੂੰ ਦੂਜੇ ਪਾਰ ਲੰਘਾਉਂਦੀ,
ਕਿੰਨੀ ਵੱਡੀ ਸੇਵਾ ਕਰਦੀ
ਸਭ ਦਾ ਚੁੱਕਿਆ ਭਾਰ ਵੰਡਾਉਂਦੀ।

ਦੂਜਿਆਂ ਦੇ ਕੰਮ ਆਉਣ ਵਾਲਾ
ਕਿਸ਼ਤੀ ਦਾ ਹੈ ਗੁਣ ਉਪਕਾਰੀ,
ਤੁਰਦੇ ਰਹਿਣਾ, ਨਾ ਘਬਰਾਉਣਾ
ਔਕੜ ਭਾਵੇਂ ਹੋਵੇ ਭਾਰੀ।

******

# ਫੁੱਲਾਂ ਨਾਲ ਆੜੀ



ਚੰਗੇ ਲਗਦੇ
ਫੁੱਲ ਅਸਾਨੂੰ,
ਨਾਮ ਰੰਗਾਂ ਦੇ
ਦੱਸਣ ਸਾਨੂੰ।

ਮਹਿਕਾਂ ਵੰਡਦੇ
ਫੁੱਲ ਅਸਾਨੂੰ,
ਝਾਤੀਆਂ ਮਾਰਨ
ਫੁੱਲ ਅਸਾਨੂੰ।

ਹੱਸਣਾ ਦੱਸਣ
ਫੁੱਲ ਅਸਾਨੂੰ,
ਖਿੜਨਾ ਦੱਸਦੇ
ਫੁੱਲ ਅਸਾਨੂੰ।

ਸੁੰਦਰਤਾ ਫੁੱਲ
ਦੇਣ ਅਸਾਨੂੰ,
ਸੋਹਣਾ ਕਰਦੇ
ਫੁੱਲ ਅਸਾਨੂੰ।

ਰਲ-ਮਿਲ ਰਹਿਣਾ
ਦੱਸਣ ਸਾਨੂੰ,
ਕਦੇ ਨਾ ਲੜਨਾ
ਆਖਣ ਸਾਨੂੰ।

ਫੁੱਲ ਤਾਂ ਲੱਗਣ
ਆੜੀ ਸਾਨੂੰ,
ਤਿਤਲੀਆਂ ਭੈਣਾਂ
ਲੱਗਣ ਸਾਨੂੰ।

******

# ਜਦ ਮੈਂ ਤੱਕਾਂ



ਜਦ ਮੈਂ ਤੱਕਾਂ
ਉਡਦੀ ਤਿਤਲੀ
ਮੇਰੇ ਵੀ ਖੰਭ
ਲਗ ਜਾਂਦੇ ਨੇ
ਲੋਚਾਂ ਮੈਂ ਫਿਰ ਉੱਡਣ ਨੂੰ।

ਜਦ ਮੈਂ ਤੱਕਾਂ
ਖਿੜੇ ਫੁੱਲਾਂ ਨੂੰ
ਮਨ ਮੇਰਾ ਖ਼ੁਸ਼ ਹੋ ਜਾਂਦਾ
ਜੀਅ ਕਰੇ ਮੇਰਾ ਹੱਸਣ ਨੂੰ।


ਜਦ ਮੈਂ ਤੱਕਾਂ
ਪੰਛੀ ਅੰਬਰੀਂ ਉਡਦਾ,
ਸੁਪਨੇ ਲੈਵਾਂ
ਗਗਨਾਂ ਦੇ ਵਿੱਚ ਕੁੱਦਣ ਨੂੰ।

ਜਦ ਮੈਂ ਤੱਕਾਂ
ਛਾਵਾਂ ਦੇਂਦੇ ਬਿਰਖ਼ਾਂ ਨੂੰ
ਪੱਤਿਆਂ ਦੇ ਮੈਂ ਚਿੱਤਰ ਬਣਾਵਾਂ
ਬੂਹੇ ਉੱਤੇ ਟੰਗਣ ਨੂੰ।

ਜਦ ਮੈਂ ਤੱਕਾਂ
ਰਾਤੀਂ ਦੀਵਾ ਬਲਦਾ
ਚਾਨਣ ਵੰਡਦੀ ਪੁਸਤਕ ਖੋਲ੍ਹਾਂ
ਗਿਆਨ ਖ਼ਜ਼ਾਨਾ ਵੰਡਣ ਨੂੰ।

******

# ਹਾਹੇ ਤੋਂ ਹੱਸਣਾ ਸਿੱਖ




ਹਾਹੇ ਤੋਂ ਹਲ ਬਣ ਜਾਏ,
ਖੇਤਾਂ ਦਾ ਰਾਜਾ ਅਖਵਾਏ।

ਹਾਹੇ ਤੋਂ ਹਾਥੀ ਹੈ ਪੈਂਦਾ,
ਪੱਖਿਆਂ ਵਾਂਗੂ ਕੰਨ ਲਹਿਰਾਉਂਦਾ।

ਹਾਹੇ ਤੋਂ ਹਲਟ ਲਿਖ ਹੁੰਦਾ,
ਪਾਣੀ ਦੇਂਦਾ, ਤ੍ਰੇਹ ਬੁਝਾਉਂਦਾ।

ਹਾਹੇ ਤੋਂ ਹਿਮਾਲਾ ਵੀ ਬਣਦਾ,
ਪੌਣਾਂ ਰੋਕ ਕੇ ਮੀਂਹ ਵਰ੍ਹਾਉਂਦਾ।


ਹਾਹੇ ਤੋਂ ਹੱਥ ਲਿਖ ਹੁੰਦਾ,
ਕਿਰਤ ਕਰਨ ਦੀ ਜਾਚ ਸਿਖਾਉਂਦਾ।

ਹਾਹੇ ਤੋਂ ਹੀਰਾ ਵੀ ਲਿਖ,
ਵਿੱਦਿਆ ਪੜ੍ਹ ਕੇ ਚਮਕਣਾ ਸਿੱਖ।

ਹਾਹੇ ਤੋਂ ਹੱਸਣਾ ਤੂੰ ਸਿੱਖ,
ਨਾਲੇ ਸੁੰਦਰ-ਸੁੰਦਰ ਲਿੱਖ।

******

# ਦੱਦੇ ਅੱਖਰ ਦੀ ਮਹਿਮਾ




ਦੱਦੇ ਤੋਂ ਦੀਵਾ ਲਿਖਣਾ ਸਿੱਖ,
ਦੀਵਾ ਤਾਂ ਚਾਨਣ ਹੈ ਵੰਡਦਾ।

ਦੱਦੇ ਤੋਂ ਦਵਾਤ ਵੀ ਲਿਖ,
ਸਿਆਹੀ ਤੋਂ ਹੀ ਅੱਖਰ ਬਣਦਾ।

ਦੱਦੇ ਤੋਂ ਦਾਦੀ ਕਰ ਚੇਤੇ,
ਰਾਤਾਂ ਨੂੰ ਜੋ ਬਾਤ ਸੁਣਾਉਂਦੀ।

ਦੱਦੇ ਤੋਂ ਦਰਿਆ ਲਿਖ ਹੁੰਦਾ,
ਜੋ ਵੱਗਣ ਦੀ ਜਾਚ ਸਿਖਾਉਂਦਾ।

ਦੱਦੇ ਤੋਂ ਦਾਨ ਵੀ ਲਿਖ ਹੁੰਦਾ,
ਵਿੱਦਿਆ ਜੋ ਵੰਡਿਆਂ ਨਾ ਘਟਦੀ।

ਦੱਦੇ ਤੋਂ ਦਰਖ਼ਤ ਨਾ ਭੁੱਲੀਂ,
ਠੰਢੀਆਂ ਛਾਵਾਂ ਦੇਂਦਾ ਜੋ।


ਦੱਦੇ ਤੋਂ ਸੌਖਾ ਦਰ ਲਿਖਣਾ,
ਹਰ ਘਰ ਚਾਨਣ ਨਾਲ ਜਗੇ।

ਦੱਦੇ ਤੋਂ ਦਿਲ ਵੀ ਬਣਦਾ,
ਲਗਨ ਲਗਾ ਕੇ ਪੜ੍ਹਨਾ ਸਿੱਖ।

ਦੱਦੇ ਤੋਂ ਦੇਸ ਲਿਖ ਹੁੰਦਾ,
ਭਾਰਤ ਸਾਡਾ ਪਿਆਰਾ ਜੋ।

******

# ਵੰਡ-ਵੰਡਾਈ



ਕਾਲੀਏ ਭੇਡੇ, ਕਾਲੀਏ ਭੇਡੇ
ਮੈਨੂੰ ਲਗਦਾ ਪਾਲਾ,
ਜੇ ਤੂੰ ਮੈਨੂੰ ਉੱਨ ਦੇ ਦੇਵੇਂ
ਚੰਗਾ ਲੰਘੂ ਸਿਆਲਾ।

ਸੁਣ ਲੈ ਬੀਬਾ, ਸੁਣ ਲੈ ਬੀਬਾ
ਉੱਨ ਦਾ ਥੈਲਾ ਮੇਰੇ ਕੋਲ,
ਇਕ ਰੁੱਗ ਲੈਣਾ ਮਾਲਕ ਮੇਰੇ
ਬਿਨਾਂ ਤੱਕੜੀ ਤੋਲ।

ਇੱਕ ਰੁੱਗ ਤੈਨੂੰ ਦੇਵਾਂ ਬੀਬਾ,
ਮਿੱਠੜੇ ਤੇਰੇ ਬੋਲ।
ਚਿੜੀ ਸਹੇਲੀ ਨੂੰ ਵੀ ਦੇਣੀ
ਰੁੱਖ 'ਤੇ ਕੰਬੇ ਕਰੇ ਕਲੋਲ।

ਸੁਣ ਲੈ ਬੀਬਾ, ਸੁਣ ਲੈ ਬੀਬਾ
ਉੱਨ ਦਾ ਥੈਲਾ ਮੇਰੇ ਕੋਲ।
ਵੰਡ-ਵੰਡਾਈ ਕਰਦੇ ਰਹੀਏ
ਕਦੇ ਨਾ ਬੋਲੀਏ ਮੰਦੜੇ ਬੋਲ।

******

# ਪੰਛੀਆਂ ਤੋਂ ਜਾਈਏ ਬਲਿਹਾਰ



ਪੰਛੀ ਦੀ ਚੁੰਝ
ਤਿੱਖੀ ਪਿਆਰੀ,
ਚੋਗਾ ਚੁਗਦੀ
ਲੱਗੇ ਨਿਆਰੀ।

ਪੰਛੀ ਦੀ ਅੱਖ
ਤੇਜ਼ ਤਰਾਰ,
ਖ਼ਤਰੇ ਤੋਂ
ਕਰਦੀ ਹੁਸ਼ਿਆਰ।

ਖੰਭਾਂ ਵਿੱਚ
ਪੰਛੀ ਦਾ ਜ਼ੋਰ,
ਅੰਬਰੀਂ ਉੱਡਦਾ
ਪਾਵੇ ਸ਼ੋਰ।

ਪੌਂਚੇ ਪੰਛੀ ਦੇ
ਕਰਨ ਕਮਾਲ,
ਲੱਭੀ ਚੀਜ਼ ਨੂੰ
ਲੈਣ ਸੰਭਾਲ।

ਪੰਛੀ ਦੇ ਗਲ
ਗੀਤਾਂ ਦੀ ਗਾਨੀ,
ਗਾਇਕ ਕੋਈ ਨਾ
ਇਸ ਦਾ ਸਾਨੀ।

ਪੰਛੀਆਂ ਨੂੰ ਸਭ
ਕਰੋ ਪਿਆਰ,
ਇਹਨਾਂ ਤੋਂ ਜਾਈਏ ਬਲਿਹਾਰ।

******

# ਬੱਦਲੀਆਂ ਦਾ ਗੀਤ



ਬੱਦਲੀਆਂ ਆਈਆਂ ਚੜ੍ਹ ਕੇ
ਵੇਖੀਏ ਕੋਠੇ ਖੜ੍ਹ ਕੇ
ਕਿਣਮਿਣ-ਕਣੀਆਂ ਹੋਵਣੀਆਂ।

ਬੱਦਲੀਆਂ ਆਈਆਂ ਭਰ ਕੇ
ਅਸੀਂ ਵੇਖਣਾ ਤਰ ਕੇ
ਨਦੀਆਂ ਨੇ ਭਰ ਜਾਵਣੀਆਂ।

ਬੱਦਲੀਆਂ ਆਈਆਂ ਰਲ ਕੇ
ਜਿਉਂ ਸਹੇਲੀਆਂ ਚਲ ਕੇ
ਚੁੰਨੀਆਂ ਭਿੱਜ ਨੇ ਜਾਵਣੀਆਂ।

ਬੱਦਲੀਆਂ ਲੱਗਣ ਪਿਆਰੀਆਂ
ਪਾਣੀ ਦੀਆਂ ਜਿਉਂ ਖਾਰੀਆਂ
ਰਿਮ-ਝਿਮ ਰੁੱਤਾਂ ਹੋਵਣੀਆਂ।

ਬੱਦਲੀਆਂ ਹੋਈਆਂ ਕਾਲੀਆਂ
ਆਓ ਵਜਾਈਏ ਤਾਲੀਆਂ
ਪੂੜੇ-ਖੀਰਾਂ ਖਾਵਣੀਆਂ।

ਬੱਦਲੀਆਂ ਅੰਬਰੋਂ ਖਿਸਕੀਆਂ
ਸਾਵਣ ਬਿਜਲੀਆਂ ਲਿਸ਼ਕੀਆਂ
ਮੋਰਾਂ ਪੈਲਾਂ ਪਾਵਣੀਆਂ।

ਬੱਦਲੀਆਂ ਠੁਮਕੇ ਮਾਰਦੀਆਂ
ਕਿਣੀਆਂ ਦੇ ਰੁੱਗ ਵਾਰਦੀਆਂ
ਪੀਂਘਾਂ ਕੁੜੀਆਂ ਪਾਵਣੀਆਂ।

******

# ਬੱਚੇ ਮਨ ਨੂੰ ਮੋਂਹਦੇ



ਫੁੱਲ, ਬੱਚੇ, ਰੁੱਖ, ਧਰਤੀ ਤੇ ਸੋਂਹਦੇ,
ਖੇਡਣ ਬੱਚੇ ਮਨ ਨੂੰ ਮੋਂਹਦੇ।

ਨਿਰਮਲ, ਨਿਰਛਲ ਭੋਲੇ ਚਿਹਰੇ,
ਫੁੱਲਾਂ ਦੇ ਸੰਗ ਖਿੜਦੇ ਵਿਹੜੇ।

ਮਾਰ ਪਲਾਕੀ ਸੁਪਨੀਂ ਚੜ੍ਹਦੇ,
ਝੂਠੀ-ਮੂਠੀ ਰਹਿੰਦੇ ਲੜਦੇ।

ਊਚ-ਨੀਚ ਨਾ ਨੇੜੇ ਆਵੇ,
ਆਪਣਾ-ਆਪਦਾ ਹਾਣੀ ਭਾਵੇ।

ਮਾਂ-ਬੋਲੀ ਵਿੱਚ ਗੱਲਾਂ ਕਰਦੇ,
ਜਿਉਂ ਪਾਣੀ 'ਤੇ ਫੁੱਲ ਨੇ ਤਰਦੇ।

ਪਾ ਕਰੰਗੜੀ, ਝੱਟ ਪਾਵਣ ਆੜੀ,
ਰੱਖਣ ਆਪਣੀ ਦੋਸਤੀ ਗਾੜ੍ਹੀ।

ਬੱਚੇ ਖੇਡਣ, ਦਿਲ ਪਿਆ ਹੱਸੇ,
ਰੱਬ ਬੱਚਿਆਂ ਦੇ ਅੰਦਰ ਵੱਸੇ।

******

# ਪੱਤੇ ਪਰ-ਉਪਕਾਰੀ



ਬਿਰਖ਼ਾਂ ਦੀਆਂ ਟਾਹਣੀਆਂ
ਪੱਤਿਆਂ ਦੇ ਨਾਲ ਸਜਦੀਆਂ,
ਝੂਮਣ ਬਣ ਕੇ ਸਾਥਣਾ,
ਪੌਣਾਂ ਜਦੋਂ ਵਗਦੀਆਂ।

ਪੱਤਿਆਂ ਉੱਤੇ ਪੀਲੀਆਂ
ਕੁਦਰਤ ਲੀਕਾਂ ਮਾਰੀਆਂ
ਸਾਹ ਲੈਣ ਲਈ ਜਿਸ ਤਰ੍ਹਾਂ
ਜਾਪਣ ਬੂਹੇ ਬਾਰੀਆਂ।

ਸਾਰੀਆਂ ਰੁੱਤਾਂ ਸਹਿ ਕੇ
ਪੱਤੇ ਹੱਸਣਾ ਜਾਣਦੇ,
ਜੋ ਵੀ ਨੇੜੇ ਆਂਵਦਾ
ਛਾਵਾਂ ਸਿਰ 'ਤੇ ਤਾਣਦੇ।

ਰੁੰਡ-ਮੁੰਡ ਹੋਏ ਬਿਰਖ਼ ਤੇ
ਪੱਤੇ ਮਾਰਨ ਤਾੜੀਆਂ,
ਪਰ-ਉਪਕਾਰ ਕਰਨ ਲਈ
ਲਾ ਲੈਂਦੇ ਮੁੜ ਆੜੀਆਂ।

******

# ਏਦਾਂ ਕਿਉਂ ਹੁੰਦਾ?



ਪੱਤੀ ਦਾ ਰੰਗ ਹਰਾ ਕਚੂਰ
ਪਰ ਹਥੇਲੀ ਨੂੰ ਕਰਦੀ ਲਾਲ,
ਕਿੰਜ ਹੋ ਜਾਵੇ ਏਦਾਂ ਸੋਚਾਂ
ਮਹਿੰਦੀ ਦਾ ਰੰਗ ਕਰੇ ਕਮਾਲ।

ਮੁੱਠੀ ਹਰ ਇੱਕ ਚੀਜ਼ ਪਕੜਦੀ
ਪਰ ਹਵਾ ਨਾ ਪਕੜੀ ਜਾਵੇ,
ਇੰਜ ਕਿਉਂ ਹੁੰਦਾ ਰਹਿੰਦਾ
ਮੈਨੂੰ ਕੋਈ ਤਾਂ ਸਮਝਾਵੇ।

ਮੱਝ ਅਸਾਡੀ ਕਾਲੇ ਰੰਗ ਦੀ
ਪਰ ਦੁੱਧ ਦੇਂਦੀ ਹੈ ਚਿੱਟਾ,
ਹੁਣ ਤੱਕ ਸਮਝ ਨਾ ਆਇਆ
ਇਹ ਭੇਦ ਅਣੋਖਾ ਡਿੱਠਾ।

ਕਾਲੀ ਰਾਤ ਲੰਘਣ ਦੇ ਪਿੱਛੋਂ
ਕਿੱਦਾਂ ਦਿਨ ਚੜ੍ਹ ਆਉਂਦਾ,
ਕਿੰਜ ਹੋ ਜਾਵੇ ਏਦਾਂ ਸੋਚਾਂ
ਸੂਰਜ ਲੋਕਾਂ ਤਾਈਂ ਜਗਾਉਂਦਾ।

ਨੱਠੀ-ਨੱਠੀ, ਮਾਂ ਤੋਂ ਪੁੱਛਿਆ
ਕਹਿੰਦੀ, ਪੜ੍ਹ ਕੇ ਵੇਖ ਕਿਤਾਬ,
ਪਾਪਾ ਕਹਿੰਦੇ ਭੋਲੀ ਧੀਏ
ਵਿੱਦਿਆ ਇਸ ਦਾ ਦਵੇ ਜਵਾਬ।

******

# ਬਚਪਨ



ਫੁੱਲਾਂ ਵਾਂਗੂ ਮਹਿਕਦਾ
ਖ਼ੂਬ ਟਹਿਕਦਾ ਬਚਪਨ,
ਤਿਤਲੀ ਵਰਗਾ ਚੰਚਲ
ਉਡਦਾ ਫਿਰਦਾ ਬਚਪਨ।

ਸੱਚ ਦੇ ਨੇੜੇ ਰਹਿੰਦਾ
ਝੂਠ ਨਾ ਬੋਲੇ ਬਚਪਨ,
ਭੌਰਿਆਂ ਵਾਂਗੂ ਘੁੰਮਦਾ
ਬੇਫ਼ਿਕਰੀ ਵਾਲਾ ਬਚਪਨ।

ਮਾਪਿਆਂ ਨੂੰ ਅਤਿ ਪਿਆਰਾ
ਅੱਖੀਆਂ ਦਾ ਤਾਰਾ ਬਚਪਨ,
ਘਰ ਦੀ ਰੌਣਕ-ਖੇੜਾ
ਬੜਾ ਦੁਲਾਰਾ ਬਚਪਨ।

ਊਚ-ਨੀਚ ਨਾ ਜਾਣੇ
ਨਿਰਛਲ ਛਿੰਦਾ ਬਚਪਨ,
ਜਾਤ ਧਰਮ ਦਾ ਅੰਤਰ
ਨਾ ਜਾਣੇ ਭੋਲਾ ਬਚਪਨ,

ਦਿਲਾਂ ਵਿੱਚ ਰਸ ਘੋਲਦਾ
ਜਦੋਂ ਖੇਡਦਾ ਬਚਪਨ,
ਦਿਲ ਮੈਂ ਦੇਵਾਂ ਆਪਣਾ
ਸੱਚਾ ਸੁੱਚਾ ਬਚਪਨ।

******

# ਘਰ ਦੀ ਸ਼ਾਨ-ਪਿਆਰੇ ਬੱਚੇ




ਸੱਜਰ ਸਵੇਰੇ ਉੱਠਦੇ ਬੱਚੇ,
ਕਦੀ ਰੁੱਠਦੇ, ਕਦੀ ਹਸਦੇ ਬੱਚੇ।
ਭੇਦ-ਭਾਵ ਨਾ ਰੱਖਣ ਨੇੜੇ,
ਸਾਰਿਆਂ ਦਾ ਦਿਲ ਜਿੱਤਦੇ ਬੱਚੇ।
ਘਰ-ਵਿਹੜੇ ਖ਼ੁਸ਼ੀਆਂ 'ਚ ਨੱਚਣ,
ਖੇਡਣ ਰਲ ਕੇ ਜਦ ਸਾਰੇ ਬੱਚੇ।
ਨਾ ਚਿੰਤਾ, ਨਾ ਫ਼ਿਕਰ ਮਨਾਂ 'ਚ
ਫੁੱਲਾਂ ਦੇ ਪ੍ਰਤੀਕ ਨੇ ਬੱਚੇ।

ਕਦੇ-ਕਦੇ ਝਿੜਕਾਂ ਵੀ ਖਾਵਣ,
ਛੇਤੀ ਹੀ ਭੁੱਲ ਜਾਵਣ ਬੱਚੇ।
ਆਪਸ ਵਿੱਚ ਲੜ ਵੀ ਪੈਂਦੇ,
ਝੱਟ ਆੜੀ ਗੰਢ ਲੈਂਦੇ ਬੱਚੇ।
ਧਰਤੀ ਫੁੱਲਾਂ ਨਾਲ ਸਜੀਲੀ,
ਘਰ ਦੀ ਸ਼ਾਨ ਪਿਆਰੇ ਬੱਚੇ।
ਆਓ, ਇਨ੍ਹਾਂ ਦੀਆਂ ਗੱਲਾਂ ਸੁਣੀਏ,
ਸਾਡਾ ਭਵਿੱਖ ਪਿਆਰੇ ਬੱਚੇ!!

******

# ਧੁੱਪ



ਨਿੱਘੀ-ਨਿੱਘੀ
ਆਉਂਦੀ ਧੁੱਪ,
ਮਲਕ-ਮਲੱਕੜੇ
ਜਾਂਦੀ ਧੁੱਪ।

ਰੋਜ਼ ਸਵੇਰੇ
ਆਉਂਦੀ ਧੁੱਪ,
ਸਰਦੀ ਖ਼ੂਬ
ਭਜਾਉਂਦੀ ਧੁੱਪ।

ਸਭ ਦੇ ਵਿਹੜੇ
ਆਉਂਦੀ ਧੁੱਪ,
ਸ਼ਾਮੀਂ ਘਰ ਨੂੰ
ਜਾਂਦੀ ਧੁੱਪ।

ਨਿੱਖਰੀ-ਨਿੱਖਰੀ
ਚੜ੍ਹਦੀ ਧੁੱਪ,
ਤਪਦੀ-ਤਪਦੀ
ਹੱਸਦੀ ਧੁੱਪ।

ਸੂਰਜ ਜਾਈ
ਪਿਆਰੀ ਧੁੱਪ,
ਬਿਨਾਂ ਭੇਦ ਦੇ
ਵੰਡੇ ਧੁੱਪ।

ਫੁੱਲ ਖਿੜਾਉਂਦੀ
ਸੱਜਰੀ ਧੁੱਪ,
ਤ੍ਰੇਲ ਦੇ ਮੋਤੀ
ਪੀਂਦੀ ਧੁੱਪ।

******

# ਕਿੰਨੀ ਮਿੱਠੀ ਮਾਂ-ਬੋਲੀ




ਪਤਾਸਾ ਮਿੱਠਾ ਬਣਦਾ ਡਿੱਠਾ,
ਮਾਂ-ਬੋਲੀ ਤੋਂ ਵੱਧ ਨਾ ਮਿੱਠਾ।

ਗੁੜ ਮਿੱਠਾ ਚੰਗਾ ਹੈ ਲਗਦਾ,
ਮਾਂ-ਬੋਲੀ ਬਿਨ ਘਰ ਨੀਂ ਸਜਦਾ।

ਲੱਡੂ ਮਿੱਠੇ ਤੇ ਗੋਲ-ਮਟੋਲ,
ਮਾਂ-ਬੋਲੀ, ਮਾਂ-ਵਾਂਗੂ ਬੋਲ।

ਸ਼ਹਿਦ ਮਿੱਠਾ ਹੁੰਦਾ ਗੁਣਕਾਰੀ,
ਮਾਂ-ਬੋਲੀ, ਪਰ ਜਾਨੋਂ ਪਿਆਰੀ।

ਮਿਸਰੀ ਮੂੰਹ ਨੂੰ ਮਿੱਠਾ ਕਰਦੀ,
ਸ਼ਬਦ ਖ਼ਜ਼ਾਨਾ, ਮਾਂ-ਬੋਲੀ ਭਰਦੀ।


ਫਲ ਮਿੱਠੇ ਤੇ ਸਿਹਤ ਦੀ ਜਾਨ,
ਮਾਂ-ਬੋਲੀ ਵਿਰਸੇ ਦੀ ਸ਼ਾਨ।

ਖੀਰ ਬਣਾਓ ਤੇ ਖੰਡ ਪਾਓ,
ਮਾਂ-ਬੋਲੀ ਤੋਂ ਸਦਕੇ ਜਾਓ।

ਮਾਂ-ਬੋਲੀ ਨੂੰ ਕਰੋ ਪਿਆਰ,
ਮਾਵਾਂ ਦਾ ਕਰੀਏ ਸਤਿਕਾਰ।

******


# ਆਓ, ਕੁਝ ਤਾਂ ਚੰਗਾ ਕਰੀਏ



ਪਾਣੀ ਡੂੰਘਾ, ਸੋਚ ਕੇ ਤਰੀਏ,
ਕਿਸ਼ਤੀ ਵਜ਼ਨ, ਵੇਖ ਕੇ ਭਰੀਏ।
ਔਕੜ ਕੋਲੋਂ ਕਦੇ ਨਾ ਡਰੀਏ,
ਆਓ, ਕੁਝ ਤਾਂ ਚੰਗਾ ਕਰੀਏ।
ਜੀਵਨ ਸਿੱਖਣ ਲਈ ਹੈ ਸਾਡਾ,
ਹਰ ਕੋਈ ਦੂਜੇ ਨਾਲੋਂ ਡਾਢਾ।
ਬੁਜ਼ਦਿਲ ਵਾਲੀ ਮੌਤ ਨਾ ਮਰੀਏ,
ਆਓ, ਕੁਝ ਤਾਂ ਚੰਗਾ ਕਰੀਏ।
ਚਾਰ-ਚੁਫ਼ੇਰਾ ਗੰਧਲਾ ਹੋਇਆ,
ਜ਼ਹਿਰ ਪਾਣੀਆਂ ਵਿੱਚ ਹੈ ਚੋਇਆ।
ਨਿਰਮਲ ਬੱਦਲ ਬਣ ਕੇ ਵਰ੍ਹੀਏ,
ਆਓ, ਕੁਝ ਤਾਂ ਚੰਗਾ ਕਰੀਏ।
ਨੇਕੀ ਕਰੀਏ, ਸ਼ੋਭਾ ਖੱਟੀਏ,
ਕੂੜ ਕਮਾਈ ਧਨ ਨਾ ਵੱਟੀਏ।
ਕਿਉਂ ਸੋਚਾਂ ਵਿੱਚ ਬੈਠੇ ਠਰੀਏ,
ਆਓ, ਕੁਝ ਤਾਂ ਚੰਗਾ ਕਰੀਏ।
ਅੱਗੇ-ਅੱਗੇ ਤੁਰਦੇ ਰਹਿਣਾ,
ਵਿੱਦਿਆ ਹੈ ਜੀਵਨ ਦਾ ਗਹਿਣਾ।
ਰੇਤੇ ਵਾਂਗ ਐਵੇਂ ਨਾ ਖਰੀਏ,
ਆਓ, ਕੁਝ ਤਾਂ ਚੰਗਾ ਕਰੀਏ।
ਮਾਂ-ਬੋਲੀ, ਮਾਂ ਵਾਂਗ ਪਿਆਰੀ,
ਦੋਵਾਂ ਤੋਂ ਜਾਈਏ ਬਲਿਹਾਰੀ।
ਉੱਠੋ, ਬਨੇਰੇ ਦੀਵੇ ਧਰੀਏ,
ਆਓ, ਕੁਝ ਤਾਂ ਚੰਗਾ ਕਰੀਏ।
ਗਿਆਨ ਦਾ ਦੀਵਾ ਚਾਨਣ ਵੰਡਦਾ,
ਚੰਹੁ-ਕੁੰਟਾਂ 'ਚੋਂ ਨ੍ਹੇਰਾ ਛੰਡਦਾ।
ਜਬਰ-ਜ਼ੁਲਮ ਚੁੱਪ ਕਰ ਨਾ ਜਰੀਏ,
ਆਓ, ਕੁਝ ਤਾਂ ਚੰਗਾ ਕਰੀਏ।

******

# ਅੱਖਰ



ਅੱਖਰ ਸਿੱਖੀਏ
ਅੱਖਰ ਲਿਖੀਏ
ਅੱਖਰ ਮਿੱਥੀਏ
ਅੱਖਰ ਦੇਵੇ ਗਿਆਨ।

ਅੱਖਰ ਸ਼ਕਤੀ
ਅੱਖਰ ਭਗਤੀ
ਅੱਖਰ ਹਸਤੀ
ਅੱਖਰ ਕਰੇ ਮਹਾਨ।

ਅੱਖਰ ਪ੍ਰਕਾਸ਼
ਅੱਖਰ ਵਿਕਾਸ
ਅੱਖਰ ਇਤਿਹਾਸ
ਅੱਖਰੋਂ ਬਣੇ ਵਿਦਵਾਨ।


ਅੱਖਰ ਜਾਣੀ
ਅੱਖਰ ਬਾਣੀ
ਅੱਖਰ ਕਹਾਣੀ
ਅੱਖਰ ਵੱਡਾ ਦਾਨ।

ਅੱਖਰ ਵਿਚਾਰ
ਅੱਖਰ ਵਿਹਾਰ
ਅੱਖਰ ਸਭਿਆਚਾਰ
ਅੱਖਰੋਂ ਬਣੇ ਇਨਸਾਨ।

ਅੱਖਰ ਬੁੱਝ
ਅੱਖਰ ਸੁੱਝ
ਅੱਖਰ ਬੁੱਧ
ਅੱਖਰੋਂ ਬਣਦੀ ਸ਼ਾਨ!!

******

# ਕਾਗਜ਼



ਕਦਰ ਕਰੋ ਕਾਗਜ਼ ਦੀ ਬੱਚਿਓ
ਕਿੰਨੇ ਕੰਮ ਤੁਹਾਡੇ ਆਉਂਦਾ,
ਕਾਗਜ਼ ਉੱਤੇ ਸੁੰਦਰ ਲਿਖਿਆ
ਮਨ ਨੂੰ ਕਿੰਨਾ ਭਾਉਂਦਾ।

ਕਾਗਜ਼ ਦੀਆਂ ਕਿਤਾਬਾਂ ਛਪੀਆਂ
ਕਿੰਨੀਆਂ ਸੁਹਣੀਆਂ ਲੱਗਣ,
ਰੰਗ-ਬਿਰੰਗੇ ਚਿੱਤਰ ਸੁੰਦਰ
ਕਾਗਜ਼ਾਂ ਉੱਤ ਫੱਬਣ।


ਕਾਗਜ਼ ਵਾਲੀਆਂ ਕਾਪੀਆਂ ਲੈ ਕੇ
ਤੁਸੀਂ ਸਕੂਲ ਨੂੰ ਜਾਂਦੇ,
ਵੱਖੋ-ਵੱਖਰੇ ਵਿਸ਼ਿਆ ਵਾਲਾ
ਲਿਖ-ਲਿਖ ਕੰਮ ਮੁਕਾਉਂਦੇ।

ਰੰਗੀਨ-ਕਾਗਜ਼ ਦੇ ਪਤੰਗ ਬਣਾ ਕੇ
ਅੰਬਰੀਂ ਪੇਚੇ ਲਾਉਂਦੇ,
ਕਾਗਜ਼ ਦੀਆਂ ਕਿਸ਼ਤੀਆਂ ਤਾਈਂ
ਪਾਣੀ ਵਿੱਚ ਵਹਾਉਂਦੇ।

ਕਾਗਜ਼ ਕਿੰਨੇ ਕੰਮ ਹੈ ਆਉਂਦਾ
ਗਿਣ-ਗਿਣ ਗੁਣ ਕੋਈ ਦੱਸੇ,
ਇਤਿਹਾਸ ਮਨੁੱਖ ਦਾ ਲਿਖਿਆ ਹੋਇਆ
ਕਾਗਜ਼ਾਂ 'ਤੇ ਹੀ ਵੱਸੇ।

******

# ਪੁਸਤਕਾਂ



ਪੁਸਤਕਾਂ ਨੇ ਬੁਲਾਉਂਦੀਆਂ,
ਦੋਸਤੀ ਨੇ ਪਾਉਂਦੀਆਂ।

ਪੁਸਤਕਾਂ ਨੇ ਗਾਉਂਦੀਆਂ,
ਸੰਗੀਤ ਨੇ ਸਿਖਾਉਂਦੀਆਂ।

ਪੁਸਤਕਾਂ ਨੇ ਬੇੜੀਆਂ,
ਗਿਆਨ ਵੰਡਣ ਜਿਹੜੀਆਂ।

ਪੁਸਤਕਾਂ ਨੇ ਬਾਰੀਆਂ,
ਚਾਨਣ ਦੀਆਂ ਪਚਕਾਰੀਆਂ।

ਪੁਸਤਕਾਂ ਨੇ ਹੱਸਦੀਆਂ,
ਜੀਵਨ ਜੀਣਾ ਦੱਸਦੀਆਂ।

ਪੁਸਤਕਾਂ ਨ੍ਹੇਰ ਛੰਡਦੀਆਂ,
ਰੌਸ਼ਨੀ ਨੇ ਵੰਡਦੀਆਂ।

ਪੁਸਤਕਾਂ ਝੋਲੇ ਭਰਦੀਆਂ,
ਵਿਤਕਰਾ ਨਾ ਕਰਦੀਆਂ!!

******

# ਤਿੱਤਲੀਏ ਨੀ ਤਿੱਤਲੀਏ



ਤਿੱਤਲੀਏ ਨੀ ਤਿੱਤਲੀਏ
ਤੂੰ ਉੱਡਦੀ ਮੈਨੂੰ
ਚੰਗੀ ਲੱਗੇਂ
ਕਦੇ ਸੱਜੇ
ਕਦੇ ਖੱਬੇ
ਮੈਂ ਫੜਨਾਂ ਚਾਹਾਂ
ਤੂੰ ਭੱਜੇਂ ਅੱਗੇ-ਅੱਗੇ।

ਤੇਰੇ ਖੰਭ ਨੇ
ਕੂਲੇ-ਕੂਲੇ
ਰੰਗ-ਬਰੰਗੇ
ਫੁੱਲਾਂ ਵਰਗੇ
ਖਿੜਵੇਂ ਖਿੜਵੇਂ
ਲੱਗਣ ਚੰਗੇ।

ਤੂੰ ਉੱਡਦੀ ਜਿਉਂ
ਲਹਿਰਾਂ ਵੱਗਣ
ਤੂੰ ਬੈਠੇ ਤਾਂ
ਫੁੱਲ ਵੀ ਫੱਬਣ।

ਤੇਰੀ ਦੋਸਤੀ
ਫੁੱਲਾਂ ਨਾਲ
ਮੇਰੀ ਦੋਸਤੀ
ਤੇਰੇ ਨਾਲ।

ਆ ਦੋਵੇਂ
ਫੁੱਲਾਂ ਨਾਲ
ਗੱਲੜੀਆਂ ਕਰੀਏ
ਨਾਲ ਸੁਗੰਧੀਆਂ
ਪੱਲੇ ਭਰੀਏ।

ਮੇਰੇ ਵਾਂਗੂ ਤੂੰ ਵੀ
ਸੁਪਨੇ ਲੈਂਦੀ ਹੋਣੀ,
ਇਸੇ ਲਈ ਤੂੰ
ਮੈਨੂੰ ਲਗਦੀ ਸੋਹਣੀ।

******

# ਚਿੜੀਏ ਨੀ ਚਿੜੀਏ



ਆ ਨੀ ਚਿੜੀਏ
ਆ ਨੀ ਚਿੜੀਏ
ਫੁੱਲਾਂ ਵਾਂਗੂ ਆਪਾਂ ਖਿੜੀਏ।
ਤੇਰੇ ਕੂਲੇ-ਕੂਲੇ ਖੰਭ,
ਕਿੰਨੇ ਸੁਹਣੇ ਲਗਦੇ ਰੰਗ।
ਤੇਰੀ ਨਿੱਕੀ ਚੁੰਝ ਪਿਆਰੀ,
ਉਡ ਜਾਵੇਂ ਤੂੰ ਮਾਰ ਉਡਾਰੀ।
ਤੂੰ ਚੁਗਦੀ ਹੈਂ ਚੁਣ-ਚੁਣ ਦਾਣੇ,
ਮਿਹਨਤ ਕਰੀਏ ਕਹਿਣ ਸਿਆਣੇ।
ਚੀਂ-ਚੀਂ ਤੇਰੀ ਚੰਗੀ ਲਗਦੀ,
ਫੁੱਲਾਂ ਨਾਲ ਕਿਆਰੀ ਸਜਦੀ।
ਆ ਮੈਂ ਤੈਨੂੰ ਚੋਗਾ ਪਾਵਾਂ,
ਨਾਲੇ ਤੈਨੂੰ ਗੀਤ ਸੁਣਾਵਾਂ।
ਚਿੜੀਏ ਚਿੜੀਏ ਘਰ ਤੂੰ ਆਵੀਂ
ਸੁੰਨੇ ਵਿਹੜੇ ਰੌਣਕ ਲਾਵੀਂ।

******


ਮਨਮੋਹਨ ਸਿੰਘ ਦਾਊਂ

ਸ੍ਰੀ ਮਨਮੋਹਨ ਸਿੰਘ ਦਾਊਂ, ਪੰਜਾਬੀ ਬਾਲ-ਸਾਹਿਤ ਦੇ ਖੇਤਰ ਵਿੱਚ ਉੱਘਾ ਨਾਮ ਹੈ ਜਿਸ ਨੇ ਪਿਛਲੇ 40 ਸਾਲਾਂ ਤੋਂ ਵੱਧ ਸਮੇਂ ਦੌਰਾਨ ਪ੍ਰੌੜ-ਸਾਹਿਤ ਦੇ ਨਾਲ-ਨਾਲ ਬੱਚਿਆਂ ਲਈ ਨਿਰੰਤਰ ਬੜੀ ਜ਼ਿੰਮੇਵਾਰੀ ਨਾਲ ਸਿਰਜਣਾ ਕੀਤੀ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ 1998 ਦਾ ਸ਼੍ਰੋਮਣੀ ਬਾਲ-ਸਾਹਿਤ ਲੇਖਕ ਪੁਰਸਕਾਰ, ਪੰਜਾਬੀ-ਸੱਥ ਲਾਂਬੜਾਂ-ਜਲੰਧਰ ਵੱਲੋਂ ਪ੍ਰਿੰ. ਤਰਲੋਚਨ ਸਿੰਘ ਭਾਟੀਆ ਬਾਲ-ਸਾਹਿਤ ਪੁਰਸਕਾਰ ਅਤੇ ਸਾਹਿਤ ਅਕਾਦਮੀ ਦਿੱਲੀ ਵੱਲੋਂ ਪੰਜਾਬੀ ਬਾਲ-ਸਾਹਿਤ ਲੇਖਕ ਰਾਸ਼ਟਰੀ ਪੁਰਸਕਾਰ- 2012 ਉਸ ਦੀਆਂ ਵੱਡੀਆਂ ਉਪਲਬਧੀਆਂ ਹਨ। ਅੱਧੀ-ਦਰਜਨ ਤੋਂ ਵੱਧ ਉਸ ਦੀਆਂ ਬਾਲ-ਪੁਸਤਕਾਂ ਨੂੰ ਵੱਖੋ-ਵੱਖ ਅਦਾਰਿਆਂ ਵੱਲੋਂ ਇਨਾਮ ਮਿਲ ਚੁੱਕੇ ਹਨ। ਸਕੂਲੀ ਪਾਠ-ਪੁਸਤਕਾਂ ਵਿੱਚ ਉਸ ਦੀਆਂ ਰਚਨਾਵਾਂ ਬੱਚਿਆਂ ਵੱਲੋਂ ਪਸੰਦ ਕੀਤੀਆਂ ਗਈਆਂ ਹਨ। ਬਾਲ ਕਾਵਿ-ਸੰਗ੍ਰਹਿ, ਬਾਲ-ਕਹਾਣੀਆਂ, ਲੇਖ-ਸੰਗ੍ਰਹਿ, ਜੀਵਨੀਆਂ, ਬਚਪਨ ਯਾਦਾਂ ਤੇ ਸੰਸਮਰਣਾ ਦੇ ਰਾਹੀਂ ਸਾਹਿਤ-ਰੂਪ ਦੀਆਂ ਵੰਨਗੀਆਂ ਨੂੰ ਸ੍ਰੀ ਦਾਊਂ ਨੇ ਅਮੀਰ ਕੀਤਾ ਹੈ। ਸਿਰਮੌਰ ਕਵੀ, ਬੁੱਧੀਵਾਨ ਸੰਪਾਦਕ, ਵਧੀਆ ਵਾਰਤਾਕਾਰ ਤੇ ਸਜੀਲੀ ਸ਼ਖ਼ਸ਼ੀਅਤ ਦੇ ਮਾਲਕ ਸ੍ਰੀ ਦਾਊਂ ਦੀ ਕਿਰਤ 'ਕਿਰਨਾਂ ਦੇ ਫੁੱਲ' (ਕਾਵਿ-ਸੰਗ੍ਰਹਿ) ਬੱਚਿਆਂ ਲਈ ਇਕ ਵਡਮੁੱਲੀ ਤੇ ਮਾਣਯੋਗ ਸਚਿੱਤਰ ਰਚਨਾ ਹੈ। ਬੱਚਿਆਂ ਦੀ ਸੁਹਜ-ਬਿਰਤੀ ਨੂੰ ਰੱਜ ਦੇਣ ਵਾਲੀ ਇਸ ਪੁਸਤਕ ਦਾ ਮੈਂ ਦਿਲੋਂ ਸੁਆਗਤ ਕਰਦਾ ਹਾਂ।

- ਡਾ. ਕਰਨੈਲ ਸਿੰਘ ਸੋਮਲ

© 2013
**Kirnan De Full** *by* **Manmohan Singh Daon**
Published by **Science and General Publishers**
SCO 26-27, Sector 34-A, Chandigarh Ph.: 0172-5077427, 5077428
Printed & Bound at **Unistar Books Pvt. Ltd.**
301, Industrial Area, Phase 9, Mohali, Chandigarh (India)
e-mail: unistarbooks@gmail.com
**Ludhiana** : Punjabi Bhawan • 98154 71219

Books for all
ISBN 978-93-82245-61-2
www. unistarbooks.com ₹ 50/-